# ਪੰਜਾਬ ਸਕੂਲ ਸਿੱਖਿਆ ਬੋਰਡ

**ਵਿਸ਼ਾ:- ਅਕਾਦਮਿਕ ਸਾਲ 2020-21 ਲਈ ਬੋਰਡ ਵੱਲੋਂ ਲਈਆਂ ਜਾਂਦੀਆਂ ਪ੍ਰੀਖਿਆਵਾਂ ਅਧੀਨ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ (ਜਨਰਲ ਅੰਗਰੇਜ਼ੀ) ਜਮਾਤਾਂ ਦੇ ਅੰਗਰੇਜ਼ੀ ਵਿਸ਼ੇ ਲਈ Practical (Listening and Speaking skill testing) /CCE/ Internal Assessment ਸਬੰਧੀ ਹਦਾਇਤਾਂ।**

1. ਬੋਰਡ ਵੱਲੋਂ ਅਕਾਦਮਿਕ ਸੈਸ਼ਨ 2020-2021 ਲਈ ਸਾਲਾਨਾ ਪ੍ਰੀਖਿਆਵਾਂ ਅਧੀਨ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ (ਜਨਰਲ ਅੰਗਰੇਜ਼ੀ) ਜਮਾਤਾਂ ਲਈ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ (Listening and speaking skill testing) ਲਿਆ ਜਾਣਾ ਹੈ। ਜਿਸ ਵਿੱਚ ਦਸਵੀਂ ਅਤੇ ਬਾਰ੍ਹਵੀਂ ਜਮਾਤ ਲਈ ਪ੍ਰੈਕਟੀਕਲ (Listening and speaking skill testing) ਸਬੰਧੀ ਮੁਲਾਂਕਣ ਬੋਰਡ ਵੱਲੋਂ ਜਾਰੀ Internal Assessment ਲਈ ਨਿਰਧਾਰਤ 20 ਅੰਕਾਂ ਅਧੀਨ ਕੀਤਾ ਜਾਣਾ ਹੈ ਜਦਕਿ ਅੱਠਵੀਂ ਸ਼੍ਰੇਣੀ ਦਾ ਪ੍ਰੈਕਟੀਕਲ (Listening and Speaking skill testing) CCE ਅਧੀਨ ਨਹੀਂ ਲਿਆ ਜਾਣਾ ਬਲਕਿ Practical (Listening and Speaking skill testing) ਲਈ ਵੱਖਰੇ ਤੌਰ ਤੇ 10 ਅੰਕ ਨਿਰਧਾਰਿਤ ਹਨ।

**ਉਪਰੋਕਤ ਦੀ ਲੋਅ ਵਿੱਚ ਅਧਿਆਪਕਾਂ ਨੂੰ ਹੇਠ ਦਰਸਾਏ ਅਨੁਸਾਰ Guidelines follow ਕਰਨ ਦੀ ਹਦਾਇਤ ਕੀਤੀ ਜਾਂਦੀ ਹੈ:-**

(i) ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ ਸਕੂਲ ਪੱਧਰ ਤੇ (Internal) ਹੋਵਗਾ ਅਤੇ ਸਕੂਲਾਂ ਵਿੱਚ ਅੰਗਰੇਜ਼ੀ ਵਿਸ਼ਾ ਪੜ੍ਹਾ ਰਹੇ ਅਧਿਆਪਕਾਂ ਦੁਆਰਾ ਲਿਆ ਜਾਵੇਗਾ। ਇਸ ਸਬੰਧੀ ਬੋਰਡ ਵੱਲੋਂ ਵੱਖਰਾ ਪ੍ਰਸ਼ਨ ਪੱਤਰ ਨਹੀਂ ਭੇਜਿਆ ਜਾਵੇਗਾ।

(ii) ਪ੍ਰੈਕਟੀਕਲ (Listening and Speaking skill testing) ਸਬੰਧੀ Practice sheets ਅਤੇ Audios clips ਪੰਜਾਬ ਸਕੂਲ ਸਿੱਖਿਆ ਬੋਰਡ ਦੀ Website (www.pseb.ac.in) ਤੇ ਉਪਲੱਬਧ ਹਨ।

(iii) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹੋਰ ਵਿਸ਼ਿਆਂ ਦੇ ਪ੍ਰੈਕਟੀਕਲਜ਼ ਵਾਂਗ ਅੰਗਰੇਜ਼ੀ ਵਿਸ਼ੇ ਦੇ ਪ੍ਰੈਕਟੀਕਲ (Listening and Speaking skill testing) ਦਾ ਸ਼ਡਿਊਲ ਬੋਰਡ ਵੱਲੋਂ ਨਿਰਧਾਰਿਤ ਕਰਕੇ ਸਕੂਲਾਂ ਨੂੰ ਭੇਜਿਆ ਜਾਵੇਗਾ। ਅੱਠਵੀਂ ਸ਼੍ਰੇਣੀ ਲਈ ਅਧਿਆਪਕਾਂ ਵੱਲੋਂ ਲਏ ਗਏ Practical ਅਤੇ CCE ਦੇ ਅੰਕ ਸਕੂਲ ਵੱਲੋਂ ਬੋਰਡ ਨੂੰ ਭੇਜੇ ਜਾਣਗੇ ਜਦਕਿ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਲਈ ਅਧਿਆਪਕਾਂ ਵੱਲੋਂ ਲਏ ਗਏ ਅੰਗਰੇਜ਼ੀ ਪ੍ਰੈਕਟੀਕਲ (Listening and Speaking skill testing) ਦੇ ਅੰਕ Internal Assessment ਅਧੀਨ ਸਕੂਲ ਵੱਲੋਂ ਬੋਰਡ ਨੂੰ ਭੇਜੇ ਜਾਣਗੇ।

**(iv) ਅੱਠਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦਾ ਪ੍ਰੈਕਟੀਕਲ 10 ਅੰਕਾਂ ਦਾ ਹੋਵੇਗਾ।**

- Listening Test 6 ਅੰਕਾਂ ਦਾ ਹੋਵੇਗਾ।

Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਵਿੱਚੋਂ ਕੋਈ 6 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ | ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

- Speaking Test 4 ਅੰਕਾਂ ਦਾ ਹੋਵੇਗਾ।

ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 4 sentences ਬੋਲਣ ਨੂੰ ਕਿਹਾ ਜਾਵੇਗਾ ਜਾਂ Sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇਗਾ।

**ਅੱਠਵੀਂ ਜਮਾਤ ਲਈ 10 ਅੰਕ CCE ਨੂੰ ਦਿੱਤੇ ਗਏ ਹਨ।** ਇਹ 10 ਅੰਕ EBC Activities /Notebook /Assignments/ TV lessons/ Participation in Online Tests ਦੇ ਅਧਾਰ ਤੇ ਅਧਿਆਪਕ ਦੁਆਰਾ ਦਿੱਤੇ ਜਾਣਗੇ।

**(v) ਦਸਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ Internal Assessment 20 ਅੰਕਾਂ ਦੀ ਹੋਵੇਗੀ।**

➢ Listening Test 10 ਅੰਕਾਂ ਦਾ ਹੋਵੇਗਾ।

Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਪ੍ਰਸ਼ਨ ਲਾਜ਼ਮੀ ਹੋਵੇਗਾ। ਹਰ ਸਹੀ ਜਵਾਬ ਦਾ ਇੱਕ ਅੰਕ ਹੋਵੇਗਾ।

➢ Speaking Test 8 ਅੰਕਾਂ ਦਾ ਹੋਵੇਗਾ।

➢ ਵਿਦਿਆਰਥੀਆਂ ਨੂੰ Practice Sheet ਵਿੱਚੋਂ Picture ਨੂੰ ਦੇਖ ਕੇ ਘੱਟੋ-ਘੱਟ 4 sentences ਬੋਲਣ ਨੂੰ ਕਿਹਾ ਜਾਵੇਗਾ ਅਤੇ Sheets ਵਿੱਚ ਦਿੱਤੇ ਗਏ 5 ਪ੍ਰਸ਼ਨਾਂ ਵਿੱਚੋਂ 4 ਸਹੀ ਉੱਤਰ ਦੇਣ ਨੂੰ ਕਿਹਾ ਜਾਵੇ। Book Bank : ਦੋ ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਵਾਪਿਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ) ਦੇ ਦਿੱਤੇ ਜਾਣਗੇ।

**(vi) ਬਾਰ੍ਹਵੀਂ ਜਮਾਤ ਦਾ ਅੰਗਰੇਜ਼ੀ ਵਿਸ਼ੇ ਦੀ Internal Assessment 20 ਅੰਕਾਂ ਦੀ ਹੋਵੇਗੀ।**

➢ Listening Test 10 ਅੰਕਾਂ ਦਾ ਹੋਵੇਗਾ।

Listening Test ਲਈ ਵਿਦਿਆਰਥੀਆਂ ਨੂੰ 10 ਪ੍ਰਸ਼ਨਾਂ ਦੀ ਇੱਕ Listening Practice Sheet ਮੁਹੱਈਆ ਕਰਵਾਈ ਜਾਵੇਗੀ। ਅਧਿਆਪਕਾਂ ਵੱਲੋਂ ਸਬੰਧਤ Audio Clip ਵਿਦਿਆਰਥੀਆਂ ਨੂੰ ਸੁਣਾਈ ਜਾਵੇਗੀ। ਵਿਦਿਆਰਥੀ ਇਸ Audio Clip ਨੂੰ ਸੁਣਨ ਦੌਰਾਨ ਪੁੱਛੇ ਗਏ 10 ਪ੍ਰਸ਼ਨਾਂ ਦੇ ਸਹੀ ਜਵਾਬ ਦੇਣਗੇ। ਹਰ ਪ੍ਰਸ਼ਨ ਲਾਜ਼ਮੀ ਹੋਵੇਗਾ ਅਤੇ ਹਰ ਸਹੀ ਜਵਾਬ ਦਾ ਇਕ ਅੰਕ ਦਾ ਹੋਵੇਗਾ।

➢ Speaking Test 8 ਅੰਕਾਂ ਦਾ ਹੋਵੇਗਾ। ਮੁਹੱਈਆਂ ਕਰਵਾਈਆਂ ਗਈਆਂ Speaking activities ਵਿੱਚੋਂ ਕੋਈ ਦੋ activities ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ ਬੋਲਣ ਲਈ ਦਿੱਤੀਆਂ ਜਾਣਗੀਆਂ।

➢ Book Bank: ਦੋ ਅੰਕ ਬੁੱਕ ਬੈਂਕ (ਵਿਦਿਆਰਥੀਆਂ ਵੱਲੋਂ ਵਾਪਿਸ ਕੀਤੀਆਂ ਗਈਆਂ ਪੁਰਾਣੀਆਂ ਕਿਤਾਬਾਂ) ਦੇ ਦਿੱਤੇ ਜਾਣਗੇ।